**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ. ਨਗਰ**
**ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ**
**(ਦਫਤਰੀ ਅਮਲਾ ਸ਼ਾਖਾ)**

ਸੇਵਾ ਵਿਖੇ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.)
2. ਸਮੂਹ ਡਾਇਟਾਂ ਦੇ ਮੁੱਖੀ।
3. ਸਮੂਹ ਪ੍ਰਿੰਸੀਪਲ, ਸਰਕਾਰੀ ਕਾਲਜ ।

ਪੰਜਾਬ।

ਮੀਮੋ ਨੰ.: ਈ/625957-**DPISE-ME0GENL/6/2024**-ਦਅ(2)/ **2024161382**
ਮਿਤੀ: 08.07.2024

ਵਿਸ਼ਾ:- ਉਚੇਰੀ ਸਿੱਖਿਆ ਵਿਭਾਗ ਵਿੱਚ ਮਨਿਸਟੀਰੀਅਲ ਸਟਾਫ ਦਾ ਵੱਖਰਾ ਕਾਡਰ ਬਣਾਉਣ ਸਬੰਧੀ ਮਿਤੀ 26.10.2021 ਨੂੰ ਹੋਈ ਨੋਟੀਫਿਕੇਸ਼ਨ ਅਨੁਸਾਰ ਆਪਸ਼ਨ ਦੇਣ ਸਬੰਧੀ।

1.0 ਪੰਜਾਬ ਸਰਕਾਰ ਵੱਲੋਂ ਉਚੇਰੀ ਸਿੱਖਿਆ ਵਿਭਾਗ ਵਿੱਚ ਮਨਿਸਟੀਰੀਅਲ ਸਟਾਫ ਦਾ ਵੱਖਰਾ ਕਾਡਰ ਬਣਾਉਣ ਸਬੰਧੀ ਮਿਤੀ 26.10.2021 ਨੂੰ ਨੋਟੀਫਿਕੇਸ਼ਨ ਕੀਤੀ ਗਈ ਸੀ, ਜਿਸ ਅਨੁਸਾਰ ਹੇਠ ਅਨੁਸਾਰ ਨਿਯਮ ਘੋਸ਼ਿਤ ਕੀਤੇ ਗਏ ਸਨ:-

1. Punjab State Educational (Ministerial Staff of Higher Education Department Group 'A') Service Rules, 2021.
2. Punjab State Educational (Ministerial Staff of Higher Education Department Group 'B') Service Rules, 2021.
3. Punjab State Educational (Ministerial Staff of Higher Education Department Group 'C') Service Rules, 2021.

2.0 ਉਚੇਰੀ ਸਿੱਖਿਆ ਵਿਭਾਗ ਵਿੱਚ ਮਨਿਸਟਰੀਅਲ ਸਟਾਫ ਦੀਆਂ ਗਰੁੱਪ ਏ, ਬੀ ਅਤੇ ਸੀ ਦਾ ਵੱਖਰਾ ਕਾਡਰ ਮੌਜੂਦਾ ਕਾਡਰਾਂ ਵਿੱਚੋਂ ਬਣਾਇਆ ਜਾਣਾ ਹੈ। ਇਸ ਸਮੇਂ ਮੁੱਖ ਦਫਤਰ ਅਤੇ ਅਧੀਨ ਦਫਤਰਾਂ ਵਿੱਚ ਮਨਿਸਟਰੀਅਲ ਸਟਾਫ ਨਾਲ ਸਬੰਧਤ ਹੇਠ ਲਿਖੇ ਕਾਡਰ ਮੌਜੂਦ ਹਨ:-

1. Punjab Education Department (Ministerial Staff of Headquarter) Group A Service Rules, 2018.

2. Punjab Education Department (Ministerial Staff of Headquarter) Group B Service Rules, 2018.

3. Punjab Education Department Ministerial and Non Teaching Staff (Headquarter) Group C Service Rules, 2018.

4. Punjab Education Department (Ministerial Staff of Subordinate Offices) Group B Service Rules, 2018.

5. Punjab Education Department Ministerial Staff (Border Area) Group B Service Rules, 2018.

3.0 ਨਵੇਂ ਬਣਾਏ ਗਏ ਗਰੁੱਪ ਏ ਦੇ ਨਿਯਮਾਂ ਦੇ ਨਿਯਮ 1 ਦੇ ਉਪ ਨਿਯਮ 4 ਵਿੱਚ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਹੈ:-

" (4) The Members of the existing cadre whose services are governed under the Punjab Education Department (Ministerial Staff of Headquarter) Group 'A' Service Rules, 2018 shall have the right to exercise the option to retain their present cadre or become members of newly created service within three months from the date of commencement of these rules:

Provided that while exercising option, principle of seniority shall be the deciding factor keeping in view the number of posts in the service:

Provided further the present post held by the existing members of Service, who will exercise the option to become members of the newly created Services shall remain protected as a measure personal irrespective of their future seniority position in the newly created Service.

Provided further that in case any employee does not exercise his option within the specified prescribed period, he shall be deemed to have opted for existing cadre:

Provided further that the option once exercised shall be final."

4.0 ਇਸ ਦਫਤਰ ਦੇ ਪੱਤਰ ਮਿਤੀ 24.12.2021 ਅਤੇ ਮਿਤੀ 01.01.2024 ਰਾਹੀਂ ਖੇਤਰੀ ਦਫਤਰਾਂ/ ਸਕੂਲਾਂ/ ਸਸੰਥਾਵਾਂ / ਕਾਲਜਾਂ ਵਿੱਚ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਪਾਸੋਂ ਆਪਸ਼ਨਾਂ ਲਈਆਂ ਗਈਆਂ ਸਨ। ਹੁਣ ਸਰਕਾਰ ਵੱਲੋਂ ਪ੍ਰਾਪਤ ਹੋਏ ਪੱਤਰ ਮਿਤੀ 04.07.2024 ਰਾਹੀਂ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਸਨਮੁੱਖ ਇਹ ਫੈਸਲਾ ਲਿਆ ਗਿਆ ਹੈ ਕਿ ਡਾਇਰੈਕਟੋਰੇਟ ਉਚੇਰੀ ਸਿੱਖਿਆ ਵਿਭਾਗ ਦੇ ਮਨਿਸਟਰੀਅਲ ਕਾਡਰ ਨੂੰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ ਕਾਡਰ ਤੋਂ ਵੱਖ ਕਰਨ ਸਬੰਧੀ ਗੁਰੱਪ ਏ, ਬੀ, ਅਤੇ ਸੀ ਲਈ ਨੋਟੀਫਾਈ ਕੀਤੇ ਗਏ ਰੂਲਜ਼ ਮਿਤੀ 26.10.2021 ਸਨਮੁੱਖ (15 ਦਿਨਾਂ ਦੇ ਅੰਦਰ ਅੰਦਰ) ਮੁੜ ਆਪਸ਼ਨਾਂ ਪ੍ਰਾਪਤ ਕੀਤੀਆਂ ਜਾਣ।

5.0 ਇਸ ਲਈ ਇਹਨਾਂ ਨਿਯਮਾਂ ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ/ ਸਕੂਲਾਂ/ ਸੰਸਥਾਵਾਂ/ ਕਾਲਜਾਂ ਵਿੱਚ ਕੰਮ ਕਰਦੇ ਮੌਜੂਦਾ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਇਹ ਆਪਸ਼ਨ ਦੇਣੀ ਬਣਦੀ ਹੈ ਕਿ ਉਹ ਆਪਣੇ ਮੌਜੂਦਾ ਕਾਡਰ ਵਿੱਚ ਰਹਿਣਾ ਚਾਹੁੰਦੇ ਹਨ ਜਾਂ ਉਚੇਰੀ ਸਿੱਖਿਆ ਵਿਭਾਗ ਵਿੱਚ ਨਵੇਂ ਬਣਾਏ ਗਏ ਕਾਡਰਾਂ ਵਿੱਚ ਜਾਣਾ ਚਾਹੁੰਦੇ ਹਨ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਮਿਤੀ 26.10.2021 ਨੂੰ ਉਚੇਰੀ ਸਿੱਖਿਆ ਵਿਭਾਗ ਦੇ ਗਰੁੱਪ ਏ, ਬੀ ਅਤੇ ਸੀ ਦੇ ਰੂਲਜ ਨੋਟੀਫਾਈ ਹੋਣ ਸਮੇਂ ਦਫਤਰਾਂ/ ਸਕੂਲਾਂ/ ਸੰਸਥਾਵਾਂ / ਕਾਲਜਾਂ ਵਿੱਚ ਤਾਇਨਾਤ ਮਨਿਸਟੀਰੀਅਲ ਸਟਾਫ ਦੇ ਅਧਿਕਾਰੀ/ ਕਰਮਚਾਰੀ ਤੋਂ ਨੱਥੀ ਆਪਸ਼ਨ ਪ੍ਰੋਫਾਰਮੇ ਅਨੁਸਾਰ ਉਨ੍ਹਾਂ

ਸੀ ਦੇ ਰੂਲਜ ਨੋਟੀਫਾਈ ਹੋਣ ਸਮੇਂ ਦਫਤਰਾਂ/ ਸਕੂਲਾਂ/ ਸੰਸਥਾਵਾਂ / ਕਾਲਜਾਂ ਵਿੱਚ ਤਾਇਨਾਤ ਮਨਿਸਟੀਰੀਅਲ ਸਟਾਫ ਦੇ ਅਧਿਕਾਰੀ/ ਕਰਮਚਾਰੀ ਤੋਂ ਨੱਥੀ ਆਪਸ਼ਨ ਪ੍ਰੋਫਾਰਮੇ ਅਨੁਸਾਰ ਉਨ੍ਹਾਂ ਦੀਆਂ ਆਪਸ਼ਨ ਭਰਵਾ ਕੇ **ਮਿਤੀ 22.07.2024** ਤੱਕ ਮੁੱਖ ਦਫਤਰ ਵਿਖੇ ਨਿੱਜੀ ਪੱਧਰ ਤੇ ਪੁੱਜਦੀਆਂ ਕੀਤੀਆਂ ਜਾਣ। ਜਿਹਨਾਂ ਅਧਿਕਾਰੀਆਂ/ ਕਰਮਚਾਰੀਆਂ ਪਾਸੋਂ ਨਿਸਚਿਤ ਮਿਤੀ ਤੱਕ ਕੋਈ ਵੀ ਆਪਸ਼ਨ ਨਹੀਂ ਦਿੱਤੀ ਜਾਵੇਗੀ ਤਾਂ ਅਜਿਹੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਮੌਜੂਦਾ ਕਾਡਰ ਵਿੱਚ ਹੀ ਮੰਨਿਆ ਜਾਵੇਗਾ। ਜਿਨ੍ਹਾਂ ਕਰਮਚਾਰੀਆਂ ਵੱਲੋਂ ਕਾਲਜ ਕਾਡਰ ਵਿੱਚ ਜਾਣ ਸਬੰਧੀ ਆਪਸ਼ਨ ਦਿੱਤੀ ਜਾਵੇਗੀ, ਉਨ੍ਹਾਂ ਦੇ ਵੇਰਵੇ ਨਾਲ ਨੱਥੀ ਪ੍ਰਫਾਰਮੇ (Excel sheet) ਵਿੱਚ ਭਰ ਕੇ ਭੇਜੇ ਜਾਣ। (Excel sheet ਪ੍ਰਫਾਰਮਾ ਨੱਥੀ)

ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ.)/ਡਾਇਟਾਂ ਅਤੇ ਸਮੂਹ ਪ੍ਰਿੰਸੀਪਲ ਕਾਲਜਾਂ ਵੱਲੋਂ ਤਿਆਰ ਕੀਤੀ ਗਈ ਸੂਚਨਾ ਵੀ ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ) ਵੱਲੋਂ Consolidate ਕਰਕੇ ਭੇਜੀ ਜਾਵੇ।

**ਸਹਾਇਕ ਡਾਇਰੈਕਟਰ ਦਫਤਰੀ ਅਮਲਾ**

## ਆਪਸ਼ਨ ਫਾਰਮ

ਮੈਂ ....................................... ਇਸ ਸਮੇਂ ਬਤੌਰ .................................. ਦਫਤਰ ........................... ਵਿਖੇ ਕੰਮ ਕਰ ਰਿਹਾ/ਰਹੀ ਹਾਂ। ਮੇਰੀ ਮੁੱਢਲੀ ਨਿਯੁਕਤੀ ਬਤੌਰ ....................... ਹੋਈ ਸੀ ਅਤੇ ਮੈਂ ਮਿਤੀ............................. ਨੂੰ ਸਰਕਾਰੀ ਨੌਕਰੀ ਜੁਆਇੰਨ ਕੀਤੀ ਸੀ। ਮੇਰੇ ਮੌਜੂਦਾ ਕਾਡਰ ਵਿੱਚ ਮੇਰਾ ਨਾਮ ਸੀਨੀਆਰਤਾ ਨੰ........................ਤੇ ਦਰਜ ਹੈ।

ਮੈਂ ਹੇਠ ਅਨੁਸਾਰ ਆਪਸ਼ਨ ਦਿੰਦਾ ਹਾਂ ਕਿ:-

1. ਮੈਂ ਆਪਣੇ ਮੌਜੂਦਾ ਕਾਡਰ ਵਿੱਚ ਹੀ ਰਹਿਣਾ ਚਾਹੁੰਦਾ/ਚਾਹੁੰਦੀ ਹਾਂ।
2. ਮੈਂ ਉਚੇਰੀ ਸਿੱਖਿਆ ਵਿਭਾਗ ਵਿੱਚ ਮਨੀਸਟਰੀਅਲ ਸਟਾਫ ਦੇ ਨਵੇਂ ਬਣਾਏ ਗਏ ਕਾਡਰਾਂ ਵਿੱਚ ਜਾਣ ਲਈ ਆਪਣੀ ਸਹਿਮਤੀ/ਆਪਸ਼ਨ ਦਿੰਦਾ/ਦਿੰਦੀ ਹਾਂ।

ਮੈਂ ਇਹ ਤਸਦੀਕ ਕਰਦਾ/ਕਰਦੀ ਹਾਂ ਕਿ ਮੈਂ ਉਪਰੋਕਤ ਆਪਸਨਾਂ ਵਿੱਚੋ ਲੜੀ ਨੰ..........................(ਮੌਜੂਦਾ ਕਾਡਰ/ਉਚੇਰੀ ਸਿੱਖਿਆ) ਵਿੱਚ ਰਹਿਣ ਦੀ ਆਪਸ਼ਨ ਦਿੱਤੀ ਹੈ ਅਤੇ ਇਹ ਆਪਸ਼ਨ ਭਵਿੱਖ ਵਿੱਚ ਬਦਲੀ ਨਹੀਂ ਜਾ ਸਕਦੀ।

ਹਸਤਾਖਰ-

ਨਾਮ-

ਮੌਜੂਦਾ ਅਹੁੱਦਾ-

ਮੌਜੂਦਾ ਪੋਸਟਿੰਗ-

ਆਈ.ਐਚ.ਆਰ.ਐਸ ਕੋਡ-

# ਪੰਜਾਬ ਰਾਜ ਦੇ ਸਮੂਹ ਦਫ਼ਤਰਾਂ/ ਸਕੂਲਾਂ/ ਕਾਲਜਾਂ/ ਸੰਸਥਾਵਾਂ ਵਿੱਚ ਕੰਮ ਕਰਦੇ ਅਧਿਕਾਰੀ ਅਤੇ ਕਰਮਚਾਰੀਆਂ ਦੇ ਵੇਰਵੇ (ਕਾਲਜ ਕਾਡਰ ਦੀ ਆਪਸ਼ਨ ਸਬੰਧੀ)

| ਲੜੀ ਨੰ. | ਜਿਲ੍ਹਾ | ਲੜੀ ਨੰ. | ਸੰਸਥਾ ਦਾ ਨਾਮ | ਲੜੀ ਨੰ. | ਕਰਮਚਾਰੀ ਦਾ ਨਾਂ/ ਅਹੁਦਾ | ਸੀਨੀਆਰਤਾ ਨੰਬਰ | ਕੈਟਾਗਰੀ | | | ਸੇਵਾ ਵਿੱਚ ਆਉਣ ਦੀ ਮਿਤੀ | ਪਦਉੱਨਤੀ ਦੀ ਮਿਤੀ | ਵਿਸ਼ੇਸ਼ ਕਥਨ | ਆਪਸ਼ਨ ਅਡਾਪਟ |
|---|---|---|---|---|---|---|---|---|---|---|---|---|---|
| | | | | | | | ਜਨਰਲ | ਐਸ.ਸੀ. | ਹੈਂਡੀਕੈਪਡ | | | | |
| | | | | | | ਸੁਪਰਡੰਟ | | | | | | | |
| 1 | | | | | | | | | | | | | |
| 2 | | | | | | | | | | | | | |
| | | | | | | ਸਟੈਨੋ | | | | | | | |
| 1 | | | | | | | | | | | | | |
| 2 | | | | | | | | | | | | | |
| | | | | | | | | | | | | | |
| | | | | | | ਕਲਰਕ/ਜੂਨੀਅਰ ਸਹਾਇਕ | | | | | | | |
| 1 | | | | | | | | | | | | | |
| 2 | | | | | | | | | | | | | |

ਜੇਕਰ ਕੋਈ ਹੋਰ ਕਾਡਰ ਦੇ ਕਰਮਚਾਰੀ ਹੋਣ ਤਾਂ ਇਸ ਵਿੱਚ ਦਰਜ ਕਰ ਲਏ ਜਾਣ ਜੀ। ਉਕਤ ਅਨੁਸਾਰ ਜਿਨ੍ਹਾਂ ਕਰਮਚਾਰੀਆਂ ਨੇ ਕਾਲਜ ਕਾਡਰ ਵਿੱਚ ਜਾਣ ਦੀ ਆਪਸ਼ਨ ਦਿੱਤੀ ਹੈ ਦੀ ਗਿਣਤੀ ਹੇਠ ਅਨੁਸਾਰ ਹੈ।

| | | |
|---|---|---|
| 1 | ਸੁਪਰਡੰਟ | |
| 2 | ਸਟੈਨੋ | |
| 3 | ਕਲਰਕ/ ਜੂਨੀਅਰ ਸਹਾਇਕ | |

ਨੋਟ:- ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.)/ ਡਾਇਟਾਂ/ ਕਾਲਜਾਂ ਅਤੇ ਸੰਸਥਾਵਾਂ ਤੋਂ ਪ੍ਰਾਪਤ ਆਪਸ਼ਨਾਂ ਸਬੰਧੀ ਰਿਪੋਰਟ ਇਸ ਸ਼ੀਟ ਵਿੱਚ ਦਰਜ ਕਰਕੇ ਭੇਜੀ ਜਾਵੇ।